ਮਾਨਯੋਗ ਮੁੱਖ ਮੰਤਰੀ, ਪੰਜਾਬ-ਕਮ-ਚੇਅਰਮੈਨ, ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਿਟੀ (ਗਮਾਡਾ) ਦੀ ਪ੍ਰਧਾਨਗੀ ਹੇਠ ਮਿਤੀ 18.08.2022 ਨੂੰ ਬਾਅਦ ਦੁਪਹਿਰ 3:30 ਵਜੇ ਹੋਈ ਗਮਾਡਾ ਦੀ ਅਥਾਰਿਟੀ ਦੀ 29ਵੀਂ ਮੀਟਿੰਗ ਦੀ ਕਾਰਵਾਈ।

ਮੀਟਿੰਗ ਵਿੱਚ ਹੇਠ ਲਿਖੇ ਅਨੁਸਾਰ ਮੈਂਬਰਾਂ ਨੇ ਭਾਗ ਲਿਆ:-

| ਲੜੀ ਨੰ | ਅਧਿਕਾਰੀ ਦਾ ਨਾਮ ਅਤੇ ਅਹੁਦਾ | ਅਹੁਦਾ |
|---|---|---|
| 1 | ਸ੍ਰੀ ਅਮਨ ਅਰੋੜਾ,<br>ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ, ਪੰਜਾਬ, ਚੰਡੀਗੜ | ਕੋ-ਚੇਅਰਮੈਨ |
| 2 | ਸ੍ਰੀ ਵਿਜੈ ਕੁਮਾਰ ਜੰਜੂਆ,<br>ਮੁੱਖ ਸਕੱਤਰ, ਪੰਜਾਬ ਸਰਕਾਰ, ਪੰਜਾਬ, ਚੰਡੀਗੜ੍ਹ। | ਮੈਂਬਰ |
| 3 | ਸ੍ਰੀ ਏ. ਵੇਨੂੰ ਪ੍ਰਸਾਦ, ਆਈ.ਏ.ਐਸ.,<br>ਵਧੀਕ ਮੁੱਖ ਸਕੱਤਰ/ਮੁੱਖ ਮੰਤਰੀ,ਪੰਜਾਬ | ਮੈਂਬਰ |
| 4 | ਸ੍ਰੀ ਵੀ.ਪੀ.ਸਿੰਘ, ਆਈ.ਏ.ਐਸ.,<br>ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸਥਾਨਕ ਸਰਕਾਰ ਵਿਭਾਗ, | ਮੈਂਬਰ |
| 5 | ਸ੍ਰੀ ਅਜੋਏ ਕੁਮਾਰ ਸਿਨਹਾ, ਆਈ.ਏ.ਐਸ.,<br>ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,<br>ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ | ਵਾਈਸ ਚੇਅਰਮੈਨ |
| 6 | ਸ੍ਰੀ ਮੋਹਿਤ ਤਿਵਾੜੀ, ਆਈ.ਆਰ.ਐਸ.,<br>ਸਪੈਸ਼ਲ ਸਕੱਤਰ, ਪੰਜਾਬ ਸਰਕਾਰ, ਵਿੱਤ ਵਿਭਾਗ ਦਾ ਨੁੰਮਾਇਦਾ | ਮੈਂਬਰ |
| 7 | ਸ੍ਰੀ ਅਮਨਦੀਪ ਬਾਂਸਲ, ਆਈ.ਏ.ਐਸ.,<br>ਮੁੱਖ ਪ੍ਰਸ਼ਾਸਕ, ਗਮਾਡਾ, ਐਸ.ਏ.ਐਸ ਨਗਰ | ਮੈਂਬਰ |
| 8 | ਸ੍ਰੀ ਪੰਕਜ ਬਾਵਾ,<br>ਮੁੱਖ ਨਗਰ ਯੋਜਨਾਕਾਰ, ਪੰਜਾਬ,<br>ਗ੍ਰਾਮ ਅਤੇ ਨਗਰ ਯੋਜਨਾਬੰਦੀ ਵਿਭਾਗ, ਐਸ.ਏ.ਐਸ ਨਗਰ | ਮੈਂਬਰ |

ਮੀਟਿੰਗ ਵਿੱਚ ਵਿਚਾਰੇ ਗਏ ਲੜੀਵਾਰ ਅਜੰਡਿਆਂ ਸਬੰਧੀ ਸਥਿਤੀ ਨਿਮਨ ਅਨੁਸਾਰ ਹੈ:-

<u>ਅਜੰਡਾ ਆਈਟਮ ਨੰਬਰ 29.01</u>

**ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਿਟੀ (ਗਮਾਡਾ) ਦੀ 28ਵੀਂ ਅਥਾਰਿਟੀ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਕਰਨ ਬਾਰੇ।**

ਅਥਾਰਿਟੀ ਵੱਲੋਂ ਗਮਾਡਾ ਅਥਾਰਿਟੀ ਦੀ ਮਿਤੀ 05.01.2022 ਨੂੰ ਹੋਈ 28ਵੀਂ ਮੀਟਿੰਗ ਦੀ ਕਾਰਵਾਈ ਦੀ (ਸਿਵਾਏ ਅਜੰਡਾ ਆਈਟਮ ਨੰਬਰ 28.12 ਪਰਪੋਜ਼ਲ ਫ਼ਾਰ ਬਸ ਟਰਮੀਨਲ, ਸੈਕਟਰ-77, ਐਸ.ਏ.ਐਸ. ਨਗਰ, ਅਜੰਡਾ ਆਈਟਮ ਨੰਬਰ 28.14 Development of Inter Sector Roads is

Responsibility of GMADA) ਅਤੇ ਅਜੰਡਾ ਆਈਟਮ ਨੰਬਰ 28.16 (ਮੁਹਾਲੀ ਵਿੱਚ ਪ੍ਰਸ਼ਾਸਕੀ ਅਧਿਕਾਰੀਆਂ ਲਈ ਸਿਖਲਾਈ ਸੰਸਥਾ ਦੀ ਤਰਜ਼ ਤੇ ਇੰਜੀਨੀਅਰਜ਼ ਲਈ ਵਿਸ਼ੇਸ਼ ਸਿਖਲਾਈ ਇੰਸਟੀਚਿਊਟ ਇੰਟਰਐਕਸ਼ਨ ਕਮ-ਇੰਜੀਨੀਅਰਜ਼ ਭਵਨ ਬਨਾਉਣ ਲਈ ਭੌਂ ਦੀ ਅਲਾਟਮੈਂਟ ਬਾਰੇ) ਪੁਸ਼ਟੀ ਕੀਤੀ ਗਈ।

<u>ਅਜੰਡਾ ਆਈਟਮ ਨੰਬਰ 29.02</u>

ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਿਟੀ ਦੀ 28ਵੀਂ ਮੀਟਿੰਗ ਜੋ ਕਿ ਮਿਤੀ 05.01.2022 ਨੂੰ ਹੋਈ ਸੀ, ਵਿੱਚ ਲਏ ਗਏ ਫੈਸਲਿਆਂ ਤੇ ਕੀਤੀ ਗਈ ਕਾਰਵਾਈ ਦਾ ਮੱਦ ਵਾਰ ਵਿਵਰਣ।

ਅਥਾਰਿਟੀ ਵੱਲੋਂ ਕੀਤੀ ਗਈ ਕਾਰਵਾਈ ਨੋਟ ਕੀਤੀ ਗਈ ਅਤੇ ਤਸੱਲੀ ਪ੍ਰਗਟਾਈ ਗਈ।

<u>ਅਜੰਡਾ ਆਈਟਮ ਨੰਬਰ 29.03</u>

ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਿਟੀ (ਗਮਾਡਾ) ਦੀ ਕਾਰਜਕਾਰੀ ਕਮੇਟੀ ਦੀ ਮਿਤੀ 06.04.2022 ਨੂੰ ਹੋਈ 26ਵੀਂ ਮੀਟਿੰਗ ਦੀ ਕਾਰਵਾਈ ਦਾ ਸਤਿਆਪਨ (ਰੈਟੀਫਿਕੇਸ਼ਨ) ਸਬੰਧੀ।

ਅਥਾਰਿਟੀ ਵਲੋਂ ਕਾਰਜਕਾਰੀ ਕਮੇਟੀ ਦੀ ਕਾਰਵਾਈ ਦੀ ਪੁਸ਼ਟੀ ਕੀਤੀ ਗਈ।

<u>ਅਜੰਡਾ ਆਈਟਮ ਨੰਬਰ 29.04</u>

ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਿਟੀ (ਗਮਾਡਾ) ਦੀ ਕਾਰਜਕਾਰੀ ਕਮੇਟੀ ਦੀ ਮਿਤੀ 13.05.2022 ਨੂੰ ਹੋਈ 27ਵੀਂ ਮੀਟਿੰਗ ਦੀ ਕਾਰਵਾਈ ਦੇ ਸਤਿਆਪਨ (ਰੈਟੀਫਿਕੇਸ਼ਨ) ਸਬੰਧੀ।

ਅਥਾਰਿਟੀ ਵਲੋਂ ਕਾਰਜਕਾਰੀ ਕਮੇਟੀ ਦੀ ਕਾਰਵਾਈ ਦੀ ਪੁਸ਼ਟੀ ਕੀਤੀ ਗਈ।

<u>ਅਜੰਡਾ ਆਈਟਮ ਨੰਬਰ 29.05</u>

ਸਾਲ 2020-21 ਦੇ ਸਲਾਨਾ ਲੇਖਿਆਂ ਦੀ ਗਮਾਡਾ ਅਥਾਰਿਟੀ ਦੀ ਮੀਟਿੰਗ ਵਿੱਚ ਰੈਟੀਫਿਕੇਸ਼ਨ ਕਰਨ ਸਬੰਧੀ।

ਅਥਾਰਿਟੀ ਵਲੋਂ ਕਾਰਜਕਾਰੀ ਕਮੇਟੀ ਵਲੋਂ ਕੀਤੀ ਸਿਫਾਰਿਸ਼ ਪ੍ਰਵਾਨ ਕੀਤੀ ਗਈ।

<u>ਅਜੰਡਾ ਆਈਟਮ ਨੰਬਰ 29.06</u>

**Agenda for the Revised Budget Estimates for the year 2021-22 and Budget Estimates for the year 2022-23.**

ਅਥਾਰਿਟੀ ਵਲੋਂ ਕਾਰਜਕਾਰੀ ਕਮੇਟੀ ਵਲੋਂ ਕੀਤੀ ਸਿਫਾਰਿਸ਼ ਪ੍ਰਵਾਨ ਕੀਤੀ ਗਈ।

ਅਜੰਡਾ ਆਈਟਮ ਨੰਬਰ 29.07

**Acquisition and Development of Eco-city 3,Eco-city 3B Located on East of Kurali-Baddi Road and Low/High Density Residential scheme located north of Medicity by GMADA in New Chandigarh.**

ਅਥਾਰਿਟੀ ਵੱਲੋਂ ਮੱਦ ਪ੍ਰਵਾਨ ਕਰਦੇ ਹੋਏ ਜੇਕਰ ਲੋੜ ਹੋਵੇ ਤਾਂ ਲੋਅ ਡੈਨਸਿਟੀ/ਹਾਈ ਡੈਨਸਿਟੀ ਰਕਬੇ ਵਿੱਚ ਸਪੈਸ਼ਲ ਲੈਂਡ ਪੂਲਿੰਗ ਲਿਆਉਣ ਦੀ ਆਗਿਆ ਵੀ ਦਿੱਤੀ ਗਈ।

ਅਜੰਡਾ ਆਈਟਮ ਨੰਬਰ 29.08

**ਆਈ.ਟੀ.ਸਿਟੀ ਪਾਲਿਸੀ-2013 ਦੀਆਂ ਉਸਾਰੀ ਸਬੰਧੀ ਸ਼ਰਤਾਂ ਵਿੱਚ ਕੋਵਿਡ-19 ਦੇ ਚਲਦੇ ਛੋਟ ਦੇਣ ਲਈ ਅਜੰਡਾ ਭੇਜਣ ਬਾਰੇ।**

ਅਥਾਰਿਟੀ ਵੱਲੋਂ ਮੱਦ ਪ੍ਰਵਾਨ ਕੀਤੀ ਗਈ।

ਅਜੰਡਾ ਆਈਟਮ ਨੰਬਰ 29.09

**Transferring sites for Street Vendors to Municipal Corporation, S.A.S. Nagar.**

ਮਾਨਯੋਗ ਚੇਅਰਮੈਨ ਸਾਹਿਬ ਵੱਲੋਂ ਨਿਰਦੇਸ਼ ਦਿੱਤੇ ਗਏ ਕਿ ਸਟਰੀਟ Vendors ਲਈ ਏਰੀਆ ਸਹੀ ਵਿਉਂਤਬੰਦੀ ਨਾਲ ਡਿਵੈਲਪ ਕੀਤਾ ਜਾਵੇ। ਸਥਾਨਕ ਸਰਕਾਰ/ਮਿਉਂਸਪਲ ਕਾਰਪੋਰੇਸ਼ਨ, ਐਸ.ਏ.ਐਸ. ਨਗਰ Individual Vendors ਨੂੰ ਜਗ੍ਹਾਂ ਅਲਾਟ ਕਰਨ ਵੇਲੇ ਇਹ ਕੋਸ਼ਿਸ਼ ਕਰੇ ਕਿ ਇੱਕ ਤਰ੍ਹਾਂ ਦੇ Vendors ਨੂੰ ਇੱਕ ਹੀ ਪਾਕਿਟ ਵਿੱਚ ਐਡਜਸਟ ਕੀਤਾ ਜਾਵੇ।

ਅਥਾਰਿਟੀ ਵੱਲੋਂ ਵਿਚਾਰ ਵਟਾਂਦਰੇ ਉਪਰੰਤ ਮੱਦ ਪ੍ਰਵਾਨ ਕੀਤੀ ਗਈ।

ਮੀਟਿੰਗ ਧੰਨਵਾਦ ਸਹਿਤ ਸਮਾਪਤ ਕੀਤੀ ਗਈ।

ਮੁੱਖ ਮੰਤਰੀ